# ਘਰੇਲੂ ਅਤੇ ਪਰਿਵਾਰਕ ਹਿੰਸਾ ਹੋਣੀ ਕਦੇ ਵੀ ਠੀਕ ਨਹੀਂ ਹੁੰਦੀ ਹੈ।

ਜੇਕਰ ਤੁਸੀਂ ਘਰੇਲੂ ਅਤੇ ਪਰਿਵਾਰਕ ਹਿੰਸਾ ਦਾ ਅਨੁਭਵ ਕਰ ਰਹੇ ਹੋ ਤਾਂ ਤੁਸੀਂ ਡਰੇ ਹੋਏ, ਉਲਝੇ ਹੋਏ ਜਾਂ ਦੱਬੇ-ਕੁਚਲੇ ਜਾਂਦੇ ਮਹਿਸੂਸ ਕਰ ਸਕਦੇ ਹੋ – ਇਹ ਇੱਕ ਸਧਾਰਨ ਪ੍ਰਤੀਕਿਰਿਆ ਹੈ।

> ਕਿਸੇ ਰਿਸ਼ਤੇ ਵਿੱਚ ਹਿੰਸਾ ਜਾਂ ਦੁਰਵਿਵਹਾਰ ਹੋਣਾ **ਕਦੇ ਵੀ ਠੀਕ ਨਹੀਂ ਹੁੰਦਾ ਹੈ।**

ਦੁਰਵਿਵਹਾਰ ਕਰਨ ਵਾਲਾ ਵਿਅਕਤੀ ਹਿੰਸਕ ਹੋਣ ਲਈ ਬਹਾਨੇ ਬਣਾ ਸਕਦਾ ਹੈ ਜਾਂ ਜਾਂ ਆਪਣੇ ਵਤੀਰੇ ਦਾ ਦੋਸ਼ ਤੁਹਾਡੇ ਉੱਤੇ ਲਾ ਸਕਦਾ ਹੈ। **ਹਿੰਸਾ ਤੁਹਾਡੀ ਗ਼ਲਤੀ ਨਹੀਂ ਹੈ।** ਹਿੰਸਾ ਦੀ ਜ਼ਿੰਮੇਵਾਰੀ ਹਮੇਸ਼ਾ ਦੁਰਵਿਵਹਾਰ ਕਰਨ ਵਾਲੇ ਦੀ ਹੀ ਹੁੰਦੀ ਹੈ।



# ਕੀ ਤੁਸੀਂ ਆਪਣੇ ਕਿਸੇ ਜਾਣਕਾਰ ਵਿਅਕਤੀ ਬਾਰੇ ਚਿੰਤਤ ਹੋ?

ਜੇਕਰ ਤੁਸੀਂ ਆਪਣੇ ਕਿਸੇ ਦੋਸਤ, ਪਰਿਵਾਰਕ ਮੈਂਬਰ, ਸਹਿਕਰਮੀ, ਗੁਆਂਢੀ, ਜਾਂ ਕੋਈ ਹੋਰ ਜਾਣਕਾਰ ਦੇ ਘਰੇਲੂ ਅਤੇ ਪਰਿਵਾਰਕ ਹਿੰਸਾ ਦਾ ਸਾਹਮਣਾ ਕਰਦੇ ਹੋਣ ਬਾਰੇ ਚਿੰਤਤ ਹੋ, ਤਾਂ **Safe Steps (ਸੇਫ਼ ਸਟੈੱਪਸ) ਦੀ ਮੁਫ਼ਤ 24/7 ਉਪਲਬਧ ਜਵਾਬੀ ਕਾਰਵਾਈ ਹੈਲਪਲਾਈਨ ਨੂੰ 1800 015 188** 'ਤੇ ਫ਼ੋਨ ਕਰੋ।

ਸਾਡੇ ਪਰਿਵਾਰਕ ਹਿੰਸਾ ਸੰਕਟ ਮਾਹਰਾਂ (Family Violence Crisis Specialists) ਵਿੱਚੋਂ ਕੋਈ ਤੁਹਾਡੇ ਨਾਲ ਉਸ ਵਿਅਕਤੀ ਨਾਲ ਸੰਪਰਕ ਕਰਨ ਦੇ ਸਭ ਤੋਂ ਸਹੀ ਤਰੀਕਿਆਂ ਬਾਰੇ ਵਿਚਾਰ-ਵਟਾਂਦਰਾ ਕਰ ਸਕਦਾ ਹੈ ਅਤੇ ਉਹਨਾਂ ਨੂੰ ਉਪਲਬਧ ਸਹਾਇਤਾ ਸੇਵਾਵਾਂ ਬਾਰੇ ਦੱਸ ਸਕਦਾ ਹੈ।

ਵਧੇਰੇ ਜਾਣਕਾਰੀ ਲਈ, ਤੁਸੀਂ ਸਾਡੀ ਵੈੱਬਸਾਈਟ **safesteps.org.au/information-for-family-friends** 'ਤੇ ਵੀ ਜਾ ਸਕਦੇ ਹੋ।

## Safe Steps (ਸੇਫ਼ ਸਟੈੱਪਸ) ਕੀ ਹੈ?

ਸੇਫ਼ ਸਟੈੱਪਸ ਫੈਮਿਲੀ ਵਾਇਲੈਂਸ ਰਿਸਪਾਂਸ ਸੈਂਟਰ (Safe Steps Family Violence Response Centre) ਵਿਕਟੋਰੀਆ ਦੀ ਘਰੇਲੂ ਅਤੇ ਪਰਿਵਾਰਕ ਹਿੰਸਾ ਦਾ ਅਨੁਭਵ ਕਰ ਰਹੇ ਲੋਕਾਂ ਲਈ 24/7 ਉਪਲਬਧ ਸੰਕਟ ਜਵਾਬੀ ਕਾਰਵਾਈ ਸੇਵਾ ਹੈ। ਅਸੀਂ ਹਰੇਕ ਉਸ ਵਿਅਕਤੀ ਨੂੰ ਸਹਾਇਤਾ ਪ੍ਰਦਾਨ ਕਰਦੇ ਹਾਂ ਜੋ ਘਰੇਲੂ ਅਤੇ ਪਰਿਵਾਰਕ ਹਿੰਸਾ ਤੋਂ ਬਚਣਾ ਅਤੇ ਹਿੰਸਾ ਤੋਂ ਮੁਕਤ ਜੀਵਨ ਬਿਤਾਉਣਾ ਚਾਹੁੰਦੇ ਹਨ। ਪਿਛਲੇ ਸਾਲ ਸਾਨੂੰ 50,000 ਤੋਂ ਵੱਧ ਕਾਲਾਂ ਪ੍ਰਾਪਤ ਹੋਈਆਂ ਜਿੰਨ੍ਹਾ ਦਾ ਜਵਾਬ ਸਾਡੇ ਲਗਭਗ 100 ਪਰਿਵਾਰਕ ਹਿੰਸਾ ਸੰਕਟ ਮਾਹਰਾਂ ਦੁਆਰਾ ਦਿੱਤਾ ਗਿਆ ਸੀ।

**ਜੇਕਰ ਤੁਹਾਨੂੰ ਜਾਂ ਤੁਹਾਡੇ ਕਿਸੇ ਜਾਣਕਾਰ ਨੂੰ ਮੱਦਦ ਦੀ ਲੋੜ ਹੈ**
ਗੁਪਤ ਸਹਾਇਤਾ ਅਤੇ ਜਾਣਕਾਰੀ ਲੈਣ ਲਈ Safe Steps (ਸੇਫ਼ ਸਟੈੱਪਸ) ਨੂੰ 1800 015 188 'ਤੇ ਫ਼ੋਨ ਕਰੋ।

**ਦੁਭਾਸ਼ੀਆ ਅਤੇ ਅਪੰਗਤਾ ਸੇਵਾਵਾਂ ਉਪਲਬਧ ਹਨ**

Safe Steps ਇੱਕ LGBTIQA+ ਦੋਸਤਾਨਾ ਅਤੇ ਸੱਭਿਆਚਾਰਕ ਸਤਿਕਾਰ ਕਰਨ ਵਾਲੀ ਸੇਵਾ ਹੈ। ਅਸੀਂ ਘਰੇਲੂ ਅਤੇ ਪਰਿਵਾਰਕ ਹਿੰਸਾ ਦਾ ਸਾਹਮਣਾ ਕਰ ਰਹੇ ਹਰੇਕ ਵਿਅਕਤੀ ਦੀ ਮੱਦਦ ਕਰਨ ਲਈ ਵਚਨਬੱਧ ਹਾਂ।

Safe Steps ਨੂੰ ਹਰ ਰੋਜ਼ 24 ਘੰਟੇ,
ਹਫ਼ਤੇ ਦੇ 7 ਦਿਨ

**1800 015 188** 'ਤੇ ਫ਼ੋਨ ਕਰ ਸਕਦੇ ਹੋ

ਈ-ਮੇਲ: **safesteps@safesteps.org.au**

ਵੈੱਬਚੈਟ: **safesteps.org.au/chat**
(ਸੋਮਵਾਰ-ਸ਼ੁੱਕਰਵਾਰ, ਸਵੇਰੇ 9 ਵਜੇ ਤੋਂ ਲੈ ਕੇ ਅੱਧੀ ਰਾਤ ਤੱਕ ਸਰਕਾਰੀ ਛੁੱਟੀਆਂ ਵਾਲੇ ਦਿਨ ਛੱਡ ਕੇ)

ਸਾਡੀ ਵੈੱਬਸਾਈਟ ਵੇਖੋ: **safesteps.org.au**

Safe Steps Family Violence Response Centre (ਸੇਫ਼ ਸਟੈੱਪਸ ਫੈਮਿਲੀ ਵਾਇਲੈਂਸ ਕ੍ਰਾਈਸਿਸ ਰਿਸਪਾਂਸ ਇਨੀਸ਼ਿਐਟਿਵ) ਵਿਕਟੋਰੀਆ ਭਰ ਵਿਚਲੇ ਦੇਸ਼ ਦੇ ਰਵਾਇਤੀ ਰੱਖਿਅਕਾਂ ਨੂੰ ਸਵੀਕਾਰ ਕਰਦਾ ਹੈ, ਉਹ ਧਰਤੀ ਜਿਸ 'ਤੇ ਸਾਡੀਆਂ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਅਸੀਂ ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ, ਉਨ੍ਹਾਂ ਦੇ ਸੱਭਿਆਚਾਰ, ਅਤੇ ਅਤੀਤ ਅਤੇ ਵਰਤਮਾਨ ਦੇ ਬਜ਼ੁਰਗਾਂ ਨੂੰ ਆਪਣਾ ਸਤਿਕਾਰ ਭੇਟ ਕਰਦੇ ਹਾਂ। ਅਸੀਂ ਫਸਟ ਨੇਸ਼ਨਜ਼ ਦੇ ਲੋਕਾਂ ਦੇ ਸਵੈ-ਨਿਰਣੇ ਦੇ ਅਧਿਕਾਰ ਅਤੇ ਜ਼ਮੀਨਾਂ, ਪਾਣੀਆਂ, ਅਤੇ ਭਾਈਚਾਰਿਆਂ ਨਾਲ ਆਪਣੇ ਸੰਬੰਧ ਨੂੰ ਜਾਰੀ ਰੱਖਣ ਦੇ ਅਧਿਕਾਰ ਨੂੰ ਸਵੀਕਾਰ ਕਰਦੇ ਹਾਂ।

Safe Steps Family Violence Response Centre ਸਾਰੇ ਲਿੰਗ, ਲਿੰਗਕਤਾ, ਅਤੇ ਲਿੰਗੀ-ਰੁਝਾਨ ਵਾਲੇ ਲੋਕਾਂ ਨੂੰ ਮਾਨਤਾ ਦਿੰਦਾ ਅਤੇ ਸਤਿਕਾਰ ਕਰਦਾ ਹੈ। ਅਸੀਂ ਲੇਸਬੀਅਨ, ਗੇਅ, ਬਾਇਸੈਕਸੁਅਲ, ਟ੍ਰਾਂਸਜੈਂਡਰ, ਕੁਵੀਰ, ਇੰਟਰਸੈਕਸ, ਅਤੇ ਅਲੈਂਗਿਕ ਲੋਕਾਂ ਲਈ ਪਹੁੰਚ ਅਤੇ ਸ਼ਮੂਲੀਅਤ ਨੂੰ ਬਿਹਤਰ ਬਣਾਉਣ ਲਈ ਵਚਨਬੱਧ ਹਾਂ ਜੋ ਸਾਡੀ ਸਹਾਇਤਾ ਦੀ ਮੰਗ ਕਰ ਰਹੇ ਹਨ ਅਤੇ LGBTIQA+ ਭਾਈਚਾਰੇ ਵਿੱਚ ਉਹਨਾਂ ਲਈ ਇੱਕ ਸੁਰੱਖਿਅਤ ਅਤੇ ਸ਼ਮੂਲੀਅਤ ਭਰੀ ਸੇਵਾ ਅਤੇ ਕਾਰਜ ਸਥਾਨ ਬਣਨ ਵਿੱਚ ਕੀਤੇ ਜਾ ਰਹੇ ਸੁਧਾਰ ਲਈ ਵਚਨਬੱਧ ਹਾਂ।

2024

# ਤੁਹਾਨੂੰ ਪਰਿਵਾਰਕ ਹਿੰਸਾ ਤੋਂ ਮੁਕਤ ਜੀਵਨ ਬਤੀਤ ਕਰਨ ਦਾ ਅਧਿਕਾਰ ਹੈ



Safe Steps
FAMILY VIOLENCE RESPONSE CENTRE

# ਘਰੇਲੂ ਅਤੇ ਪਰਿਵਾਰਕ ਹਿੰਸਾ ਤੋਂ ਬਚਣ ਲਈ Safe Steps ਨੂੰ ਫ਼ੋਨ ਕਰੋ

ਇਹ ਸਲਾਹ, ਸਹਾਇਤਾ ਅਤੇ ਐਮਰਜੈਂਸੀ ਰਿਹਾਇਸ਼ ਲਈ ਤੁਹਾਡੀ 24/7 ਉਪਲਬਧ ਰਾਜ-ਵਿਆਪੀ ਸੰਕਟ ਘਰੇਲੂ ਅਤੇ ਪਰਿਵਾਰਕ ਹਿੰਸਾ ਜਵਾਬੀ ਕਾਰਵਾਈ ਸੇਵਾ ਹੈ।.



## ਘਰੇਲੂ ਅਤੇ ਪਰਿਵਾਰਕ ਹਿੰਸਾ ਕੀ ਹੁੰਦੀ ਹੈ?

ਘਰੇਲੂ ਅਤੇ ਪਰਿਵਾਰਕ ਹਿੰਸਾ ਕੋਈ ਵੀ ਅਜਿਹਾ ਧਮਕੀ ਭਰਿਆ ਜਾਂ ਦੁਰਵਿਵਹਾਰ ਵਾਲਾ ਵਤੀਰਾ ਹੁੰਦਾ ਹੈ ਜੋ ਤੁਹਾਨੂੰ ਡਰ ਜਾਂ ਅਸੁਰੱਖਿਅਤ ਮਹਿਸੂਸ ਕਰਵਾਉਂਦਾ ਹੈ ਅਤੇ ਪਰਿਵਾਰ ਜਾਂ ਜੀਵਨਸਾਥੀ ਰਿਸ਼ਤੇ ਵਾਲੇ ਲੋਕਾਂ ਵਿਚਕਾਰ ਵਾਪਰਦਾ ਹੈ।

ਇਸ ਵਿਵਹਾਰ ਦਾ ਹਿੰਸਕ ਨਹੀਂ ਹੋਣਾ ਜ਼ਰੂਰੀ ਨਹੀਂ ਹੈ, ਪਰ, ਜੇਕਰ ਇਹ ਵਿਵਹਾਰ **ਤੁਹਾਨੂੰ ਤੁਹਾਡੀ ਸੁਰੱਖਿਆ ਜਾਂ ਕਿਸੇ ਹੋਰ ਵਿਅਕਤੀ ਦੀ ਸੁਰੱਖਿਆ ਪ੍ਰਤੀ ਡਰ ਮਹਿਸੂਸ ਕਰਵਾਉਂਦਾ ਹੈ, ਤਾਂ ਇਹ Safe Steps ਨੂੰ ਫ਼ੋਨ ਕਰਨ ਦਾ ਸਮਾਂ ਹੈ।**

ਘਰੇਲੂ ਅਤੇ ਪਰਿਵਾਰਕ ਹਿੰਸਾ ਕਿਸੇ ਵੀ ਕਿਸਮ ਦੇ ਰਿਸ਼ਤੇ ਵਿੱਚ ਕਿਸੇ ਨੂੰ ਵੀ ਪ੍ਰਭਾਵਿਤ ਕਰ ਸਕਦੀ ਹੈ, ਜਿਵੇਂ ਕਿ:

- ਪੁਰਾਣੇ ਜਾਂ ਮੌਜੂਦਾ ਗੂੜ੍ਹੇ ਸੰਬੰਧਾਂ ਵਾਲੇ ਰਿਸ਼ਤੇ, ਜਿਸ ਵਿੱਚ ਉਹ ਰਿਸ਼ਤੇ ਸ਼ਾਮਿਲ ਹਨ ਜਿੱਥੇ ਤੁਸੀਂ ਡੇਟਿੰਗ ਕਰ ਰਹੇ ਜਾਂ ਇਕੱਠੇ ਰਹਿ ਰਹੇ ਹੋ/ਸੀ
- ਉਹ ਰਿਸ਼ਤੇ ਜੋ ਅਪੰਗਤਾ, ਮੈਡੀਕਲ ਸਮੱਸਿਆਵਾਂ ਜਾਂ ਬਜ਼ੁਰਗਾਂ ਦੀ ਦੇਖਭਾਲ ਕਰਨ ਵਾਲਿਆਂ ਨੂੰ ਸ਼ਾਮਿਲ ਕਰਦੇ ਹਨ
- ਉਹ ਰਿਸ਼ਤੇ ਜੋ ਰਿਸ਼ਤੇਦਾਰ ਅਤੇ ਸਰਪ੍ਰਸਤਾਂ ਨੂੰ ਸ਼ਾਮਿਲ ਕਰਦੇ ਹਨ
- ਸੱਭਿਆਚਾਰਕ ਤੌਰ 'ਤੇ ਮਾਨਤਾ ਪ੍ਰਾਪਤ ਪਰਿਵਾਰਕ ਸਮੂਹ

ਇਹ ਬਰੋਸ਼ਰ ਵੱਖ-ਵੱਖ ਸਰੂਪਾਂ ਵਿੱਚ ਉਪਲਬਧ ਹੈ।
ਅਪੰਗਤਾ ਵਾਲੇ ਲੋਕਾਂ ਲਈ ਪਹੁੰਚਯੋਗ ਸਰੂਪਾਂ ਲਈ disability@safesteps.org.au 'ਤੇ ਈ-ਮੇਲ ਕਰੋ ਅਤੇ ਹੋਰ ਭਾਸ਼ਾ ਵਿਕਲਪਾਂ ਲਈ safesteps.org.au 'ਤੇ ਜਾਓ।

## ਘਰੇਲੂ ਅਤੇ ਪਰਿਵਾਰਕ ਹਿੰਸਾ ਕਿਹੋ ਜਿਹੀ ਦਿਖਾਈ ਦਿੰਦੀ ਹੈ?

ਘਰੇਲੂ ਅਤੇ ਪਰਿਵਾਰਕ ਹਿੰਸਾ ਕੇਵਲ ਸਰੀਰਕ ਸ਼ੋਸ਼ਣ ਕਰਨਾ ਨਹੀਂ ਹੁੰਦੀ ਹੈ। ਇਸ ਵਿੱਚ ਸ਼ਾਮਿਲ ਹੋ ਸਕਦੇ ਹਨ:

- ਜਿਨਸੀ ਸ਼ੋਸ਼ਣ
- ਭਾਵਨਾਤਮਕ ਅਤੇ ਮਨੋਵਿਗਿਆਨਕ ਸ਼ੋਸ਼ਣ
- ਵਿੱਤੀ ਸ਼ੋਸ਼ਣ, ਜਿਵੇਂ ਕਿ ਪੈਸੇ ਤੱਕ ਪਹੁੰਚ ਨੂੰ ਰੋਕਣਾ ਜਾਂ ਤੁਹਾਨੂੰ ਕੰਮ ਕਰਨ ਦੀ ਆਗਿਆ ਨਾ ਦੇਣਾ
- ਕੰਟਰੋਲ ਕਰਨਾ ਕਿ ਤੁਸੀਂ ਕੀ ਕਰ ਸਕਦੇ ਹੋ ਅਤੇ ਕੀ ਨਹੀਂ ਕਰ ਸਕਦੇ ਹੋ
- ਤੁਹਾਡੀ ਕਾਰ ਜਾਂ ਡਿਵਾਈਸਾਂ ਦੀ ਟ੍ਰੈਕਿੰਗ ਅਤੇ ਨਿਗਰਾਨੀ ਕਰਨਾ
- ਤੁਹਾਨੂੰ ਪਰਿਵਾਰ ਅਤੇ ਦੋਸਤਾਂ ਤੋਂ ਅਲੱਗ ਕਰਨਾ
- ਤੁਹਾਨੂੰ ਘਰ ਤੋਂ ਬਾਹਰ ਜਾਣ ਤੋਂ ਰੋਕਣਾ
- ਬੱਚਿਆਂ, ਪਾਲਤੂ ਜਾਨਵਰਾਂ ਜਾਂ ਪਰਿਵਾਰ ਦੇ ਹੋਰ ਮੈਂਬਰਾਂ ਸਮੇਤ ਤੁਹਾਨੂੰ ਜਾਂ ਤੁਹਾਡੇ ਅਜ਼ੀਜ਼ਾਂ ਨੂੰ ਧਮਕਾਉਣਾ
- ਤੁਹਾਡੇ ਨਿੱਜੀ ਸਮਾਨ ਨੂੰ ਨਸ਼ਟ ਕਰਨਾ

ਘਰੇਲੂ ਅਤੇ ਪਰਿਵਾਰਕ ਹਿੰਸਾ ਕਿਹੋ ਜਿਹੀ ਦਿਖਾਈ ਦਿੰਦੀ ਹੈ, ਇਸ ਬਾਰੇ ਹੋਰ ਜਾਣਕਾਰੀ ਲਈ safesteps.org.au 'ਤੇ ਜਾਓ।

## Safe Steps ਕਿਵੇਂ ਤੁਹਾਡੀ ਮੱਦਦ ਕਰ ਸਕਦਾ ਹੈ?

ਜਦੋਂ ਤੁਸੀਂ Safe Steps 24/7 ਸੰਕਟ ਜਵਾਬੀ ਕਾਰਵਾਈ ਹੈਲਪਲਾਈਨ ਨੂੰ **1800 015 188 'ਤੇ ਫ਼ੋਨ ਕਰਦੇ ਹੋ ਜਾਂ safesteps.org.au 'ਤੇ ਵੈੱਬਚੈਟ** ਰਾਹੀਂ ਸਾਡੇ ਨਾਲ ਸੰਪਰਕ ਕਰਦੇ ਹੋ ਤਾਂ ਤੁਸੀਂ ਸਾਡੇ ਪਰਿਵਾਰਕ ਹਿੰਸਾ ਸੰਕਟ ਮਾਹਰਾਂ ਵਿੱਚੋਂ ਕਿਸੇ ਨਾਲ ਗੱਲ ਕਰੋਗੇ।

ਸਾਡੇ ਪਰਿਵਾਰਕ ਹਿੰਸਾ ਸੰਕਟ ਮਾਹਰ:

- ਤੁਹਾਡੇ ਜ਼ੋਖਮਾਂ ਦਾ ਮੁਲਾਂਕਣ ਕਰ ਸਕਦੇ ਹਨ, ਅਤੇ ਤੁਹਾਡੀ ਸੁਰੱਖਿਆ ਨੂੰ ਵਧਾਉਣ ਲਈ ਉਪਲਬਧ ਤਰੀਕਿਆਂ ਦੀ ਪੜਚੋਲ ਕਰ ਸਕਦੇ ਹਨ, ਭਾਵੇਂ ਤੁਸੀਂ ਰਿਸ਼ਤੇ ਵਿੱਚ ਰਹਿਣਾ ਚਾਹੁੰਦੇ ਹੋ ਜਾਂ ਛੱਡਣਾ ਚਾਹੁੰਦੇ ਹੋ
- ਤੁਹਾਨੂੰ ਅਤੇ ਤੁਹਾਡੇ ਬੱਚਿਆਂ ਨੂੰ ਸੁਰੱਖਿਅਤ ਰੱਖਣ ਲਈ ਇੱਕ ਨਿੱਜੀ ਸੁਰੱਖਿਆ ਯੋਜਨਾ ਬਣਾ ਸਕਦੇ ਹਨ
- ਜ਼ੋਖਮ ਮੁਲਾਂਕਣ ਵਿੱਚੋਂ ਮਿਲੇ ਤੱਥਾਂ ਅਤੇ ਰਿਹਾਇਸ਼ ਦੀ ਉਪਲਬਧਤਾ ਦੇ ਅਧਾਰ 'ਤੇ, ਤੁਹਾਡੇ, ਤੁਹਾਡੇ ਬੱਚਿਆਂ ਅਤੇ ਕਿਸੇ ਵੀ ਪਾਲਤੂ ਜਾਨਵਰ ਲਈ ਸੁਰੱਖਿਅਤ ਸੰਕਟ ਰਿਹਾਇਸ਼ ਤੱਕ ਪਹੁੰਚ ਕਰਨ ਦੀ ਯੋਗਤਾ ਦਾ ਮੁਲਾਂਕਣ, ਅਤੇ ਪਹੁੰਚ ਦਾ ਪ੍ਰਬੰਧ ਕਰ ਸਕਦੇ ਹਨ
- ਜੇਕਰ ਅਜਿਹਾ ਕਰਨਾ ਸੁਰੱਖਿਅਤ ਹੈ ਤਾਂ - ਤੁਹਾਡੀ ਇਸ ਗੱਲ ਵਿੱਚ ਸਹਾਇਤਾ ਕਰ ਸਕਦੇ ਹਨ ਕਿ ਤੁਸੀਂ ਆਪਣੇ ਬੱਚਿਆਂ ਨਾਲ ਆਪਣੇ ਘਰ ਵਿੱਚ ਕਿਵੇਂ ਰਹਿਣ ਦੇ ਯੋਗ ਹੋ ਸਕਦੇ ਹੋ, ਜਦੋਂ ਕਿ ਸ਼ੋਸ਼ਣ ਕਰਨ ਵਾਲੇ ਨੂੰ ਕਾਨੂੰਨ ਦੁਆਰਾ ਘਰ ਛੱਡਣ ਦੀ ਲੋੜ ਹੁੰਦੀ ਹੈ
- ਤੁਹਾਡੇ ਕਾਨੂੰਨੀ ਅਧਿਕਾਰਾਂ ਅਤੇ ਹੱਕਾਂ ਬਾਰੇ ਦੱਸ ਸਕਦੇ ਹਨ ਜਿਸ ਵਿੱਚ ਤੁਹਾਨੂੰ ਵਿਕਟੋਰੀਆ ਪੁਲਿਸ ਨਾਲ ਜੋੜਨਾ ਜਾਂ ਇੰਟਰਵੈਂਸ਼ਨ ਆਰਡਰ (ਹਿੰਸਾ ਰੋਕਣ ਲਈ ਕਾਨੂੰਨੀ ਹੁਕਮ ਲੈਣ) ਲਈ ਅਰਜ਼ੀ ਦੇਣ ਵਿੱਚ ਤੁਹਾਡੀ ਮੱਦਦ ਕਰਨਾ ਸ਼ਾਮਿਲ ਹੈ
- ਤੁਹਾਨੂੰ ਉਨ੍ਹਾਂ ਸਥਾਨਕ ਸੇਵਾਵਾਂ ਕੋਲ ਭੇਜ ਸਕਦੇ ਹਨ ਜੋ ਮਾਹਰ ਕਾਨੂੰਨੀ, ਵਿੱਤੀ, ਸੱਭਿਆਚਾਰਕ, ਅਤੇ ਪਰਿਵਾਰਕ ਸਹਾਇਤਾ ਪ੍ਰਦਾਨ ਕਰ ਸਕਦੀਆਂ ਹਨ।